ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਵਿਚਕਾਰ ਕੁਆਰੰਟੀਨ-ਮੁਕਤ ਯਾਤਰਾ 18 ਅਪ੍ਰੈਲ 2021 ਨੂੰ 21:59 AEST ਤੋਂ ਸ਼ੁਰੂ ਹੋਵੇਗੀ। **ਸਾਰੇ ਯਾਤਰੀ** ਜੋ 14 ਦਿਨਾਂ ਤੋਂ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਹਨ, ਯਾਤਰਾ ਛੋਟ ਲਈ ਅਰਜ਼ੀ ਦੇਣ ਦੀ ਲੋੜ ਤੋਂ ਬਿਨਾਂ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਵਿਚਕਾਰ ਕੁਆਰੰਟੀਨ ਮੁਕਤ ਹਵਾਈ ਯਾਤਰਾ ਕਰ ਸਕਦੇ ਹਨ।

ਇਸ ਵਿੱਚ ਉਹ ਯਾਤਰੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਸਾਰੇ 14 ਦਿਨ ਜਾਂ ਤਾਂ ਸੁਰੱਖਿਅਤ ਯਾਤਰਾ ਜ਼ੋਨ ਦੇਸ਼ ਵਿੱਚ ਬਿਤਾਏ ਹਨ, **ਜਾਂ** ਉਹ ਲੋਕ ਜੋ ਦੋਵਾਂ ਦੇਸ਼ਾਂ ਵਿਚਕਾਰ ਯਾਤਰਾ ਕਰ ਚੁੱਕੇ ਹਨ, ਅਤੇ 14 ਦਿਨਾਂ ਦੀ ਮਿਆਦ ਦੇ ਅੰਦਰ ਵਾਪਸ ਆ ਰਹੇ ਹਨ।

ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਰਹਿਣ ਵਾਲੇ ਸਾਰੇ ਲੋਕ (ਵਿਦੇਸ਼ੀ ਨਾਗਰਿਕਾਂ ਸਮੇਤ) ਕੁਆਰੰਟੀਨ ਮੁਕਤ ਯਾਤਰਾ ਦੀ ਵਰਤੋਂ ਕਰ ਸਕਦੇ ਹਨ, ਜਦੋਂ ਤੱਕ ਕਿ ਉਹ ਹਰੇਕ ਦੇਸ਼ ਵਿੱਚ ਸਿਹਤ, ਪ੍ਰਵਾਸ ਅਤੇ ਸਰਹੱਦ ਪਾਰ ਕਰਨ ਵਾਲੀਆਂ ਹੋਰ ਮਿਆਰੀ ਲੋੜਾਂ ਨੂੰ ਪੂਰਾ ਕਰਦੇ ਹਨ।

ਸਾਰੇ ਯਾਤਰੀਆਂ ਨੂੰ ਆਪਣੇ ਪਹੁੰਚਣ ਦੇ ਸਥਾਨ ਅਤੇ ਆਪਣੀ ਅੰਤਿਮ ਮੰਜਿਲ ਦੇ ਸਥਾਨ ਵਿੱਚ ਪ੍ਰਬੰਧਾਂ ਦੀ ਜਾਂਚ ਕਰਨੀ ਚਾਹੀਦੀ ਹੈ, ਕਿਉਂਕਿ ਕੁਝ ਹਾਲਾਤਾਂ ਵਿੱਚ ਕੁਆਰਨਟੀਨ ਦੀਆਂ ਲੋੜਾਂ ਲਾਗੂ ਹੋ ਸਕਦੀਆਂ ਹਨ।

ਨਿਊਜ਼ੀਲੈਂਡ ਦੀਆਂ ਸਿਹਤ ਅਤੇ ਪ੍ਰਵਾਸ ਸਬੰਧੀ (ਇਮੀਗ੍ਰੇਸ਼ਨ) ਲੋੜਾਂ ਉਹਨਾਂ ਦੀ ਵੈੱਬਸਾਈਟ ਉੱਤੇ ਉਪਲਬਧ ਹਨ:
ਨਿਊਜ਼ੀਲੈਂਡ ਦੀਆਂ ਕੁਆਰੰਟੀਨ ਮੁਕਤ ਯਾਤਰਾ ਦੀਆਂ ਲੋੜਾਂ

ਵਧੇਰੇ ਜਾਣਕਾਰੀ ਵਾਸਤੇ, ਆਸਟ੍ਰੇਲੀਆ ਦੀ ਸਰਕਾਰ ਦੇ ਸਿਹਤ ਵਿਭਾਗ ਨੂੰ ਵੇਖੋ: ਅੰਤਰਰਾਸ਼ਟਰੀ ਯਾਤਰੀਆਂ ਵਾਸਤੇ ਕਰੋਨਾਵਾਇਰਸ (COVID-19) ਸਲਾਹ

**ਨੋਟ ਕਰੋ:** ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ COVID-19 ਦੀ ਸਥਿਤੀ ਵਿੱਚ ਕੋਈ ਵੀ ਤਬਦੀਲੀ ਕੁਆਰੰਟੀਨ ਮੁਕਤ ਯਾਤਰਾ ਪ੍ਰਬੰਧਾਂ ਨੂੰ ਬਿਨਾਂ ਸੂਚਨਾ ਦਿੱਤੇ ਰੋਕਣ ਜਾਂ ਮੁਅੱਤਲ ਕਰਨ ਦਾ ਕਾਰਨ ਬਣ ਸਕਦੀ ਹੈ। ਤੁਸੀਂ ਆਪਣੀਆਂ ਯਾਤਰਾ ਦੀਆਂ ਯੋਜਨਾਵਾਂ ਵਿੱਚ ਕਿਸੇ ਵੀ ਰੁਕਾਵਟ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਜੇ ਤੁਹਾਡੇ ਆਸਟ੍ਰੇਲੀਆ ਵਾਪਸ ਆਉਣ ਵਿੱਚ ਦੇਰੀ ਹੋ ਰਹੀ ਹੈ।

# ਨਿਊਜ਼ੀਲੈਂਡ ਤੋਂ ਬਾਹਰਲੇ ਨਿਊਜ਼ੀਲੈਂਡ ਦੇ ਨਾਗਰਿਕ

ਕੁਆਰੰਟੀਨ ਮੁਕਤ ਯਾਤਰਾ ਨਿਊਜ਼ੀਲੈਂਡ ਦੇ ਨਾਗਰਿਕਾਂ ਉੱਤੇ **ਲਾਗੂ ਨਹੀਂ ਹੁੰਦੀ** ਜੋ ਨਿਊਜ਼ੀਲੈਂਡ ਤੋਂ ਬਾਹਰ ਹਨ ਜਾਂ ਜੋ ਆਸਟ੍ਰੇਲੀਆ ਦੀ ਪ੍ਰਸਤਾਵਿਤ ਯਾਤਰਾ ਤੋਂ ਤੁਰੰਤ ਪਹਿਲਾਂ 14 ਦਿਨਾਂ ਤੋਂ ਨਿਊਜ਼ੀਲੈਂਡ ਵਿੱਚ ਨਹੀਂ ਰਹਿ ਰਹੇ ਹਨ

# COVID-19 ਮਹਾਂਮਾਰੀ ਵਾਲੇ ਸਥਾਨ

ਨਿਊਜ਼ੀਲੈਂਡ ਦੇ ਟਿਕਾਣਿਆਂ ਦੀ ਸੂਚੀ ਲਈ ਜੋ ਚਿੰਤਾ ਦਾ ਵਿਸ਼ਾ ਹਨ ਵਾਸਤੇ ਆਸਟ੍ਰੇਲੀਆ ਯਾਤਰਾ ਘੋਸ਼ਣਾ ਸਫੇ ਨੂੰ ਵੇਖੋ। ਜੇ ਤੁਸੀਂ ਨਿਰਧਾਰਤ ਸਮੇਂ ਦੌਰਾਨ ਇਹਨਾਂ ਵਿੱਚੋਂ ਕਿਸੇ ਵੀ ਸਥਾਨ ਉੱਤੇ ਗਏ ਹੋ, ਤਾਂ ਤੁਹਾਨੂੰ ਆਪਣੇ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਉੱਤੇ ਇਸ ਦੀ ਜਾਣਕਾਰੀ ਦੇ ਕੇ ਪਛਾਣ ਕਰਨ ਦੀ ਲੋੜ ਪਵੇਗੀ।

# ਨਿਊਜ਼ੀਲੈਂਡ ਤੋਂ ਆਸਟ੍ਰੇਲੀਆ ਵੱਲ ਕੁਆਰੰਟੀਨ ਮੁਕਤ ਯਾਤਰਾ ਕਰਨਾ

ਇਸ ਤੋਂ ਪਹਿਲਾਂ ਕਿ ਤੁਸੀਂ ਆਸਟ੍ਰੇਲੀਆ ਦੀ ਯਾਤਰਾ ਕਰੋ, ਤੁਹਾਨੂੰ ਆਸਟ੍ਰੇਲੀਆ ਜਾਣ ਤੋਂ ਘੱਟੋ ਘੱਟ 72 ਘੰਟੇ ਪਹਿਲਾਂ ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਨੂੰ ਪੂਰਾ ਕਰਨਾ ਚਾਹੀਦਾ ਹੈ।

ਆਸਟ੍ਰੇਲੀਆ ਯਾਤਰਾ ਘੋਸ਼ਣਾ ਪੱਤਰ ਆਸਟ੍ਰੇਲੀਆ ਵਿੱਚ ਤੁਹਾਡੇ ਸੰਪਰਕ ਵੇਰਵਿਆਂ, ਉਡਾਣ ਦੇ ਵੇਰਵਿਆਂ, ਕੁਆਰੰਟੀਨ ਦੀਆਂ ਲੋੜਾਂ ਅਤੇ ਤੁਹਾਡੀ ਸਿਹਤ ਅਵਸਥਾ ਨੂੰ ਇਕੱਠਾ ਕਰਦਾ ਹੈ।

ਇਹ ਜਾਣਕਾਰੀ ਆਸਟ੍ਰੇਲੀਆ ਦੀ ਸਰਕਾਰ ਨੂੰ ਤੁਹਾਡੇ ਕੁਆਰਨਟੀਨ ਪ੍ਰਬੰਧਾਂ (ਜੇ ਲੋੜ ਪਵੇ) ਦਾ ਨਿਰਣਾ ਕਰਨ ਵਿੱਚ ਮਦਦ ਕਰਦੀ ਹੈ, ਅਤੇ ਸਬੰਧਿਤ ਸਿਹਤ ਵਿਭਾਗਾਂ ਨੂੰ ਵੀ ਤੁਹਾਡੇ ਨਾਲ ਸੰਪਰਕ ਕਰਨ ਦੀ ਆਗਿਆ ਦਿੰਦੀ ਹੈ, ਜੇਕਰ ਤੁਸੀਂ ਕਿਸੇ ਨਾਲ ਸਫਰ ਕੀਤਾ ਜੋ COVID-19 ਦੇ ਟੈਸਟਾਂ ਵਾਸਤੇ ਪੌਜ਼ੇਟਿਵ ਆਇਆ/ਆਈ ਹੈ।

ਜੇ ਤੁਸੀਂ **ਹਵਾਈ** ਜਹਾਜ਼ ਰਾਹੀਂ ਆਸਟ੍ਰੇਲੀਆ ਪਹੁੰਚ ਰਹੇ ਹੋ, ਅਤੇ ਤੁਸੀਂ ਯਾਤਰਾ ਕਰਨ ਤੋਂ ਪਹਿਲਾਂ 14 ਦਿਨਾਂ ਜਾਂ ਇਸ ਤੋਂ ਵੱਧ ਸਮੇਂ ਤੋਂ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਦੀਆਂ ਯਾਤਰਾ ਪਾਬੰਦੀਆਂ ਵਿੱਚ ਛੋਟ ਲਈ ਅਰਜ਼ੀ ਦੇਣ ਦੀ ਲੋੜ **ਨਹੀਂ** ਹੈ। ਤੁਹਾਨੂੰ ਆਪਣੇ ਆਪ ਛੋਟ ਦਿੱਤੀ ਜਾਂਦੀ ਹੈ।

ਜੇ ਤੁਸੀਂ ਉਪਰੋਕਤ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਨਿਊਜ਼ੀਲੈਂਡ ਤੋਂ ਆਸਟ੍ਰੇਲੀਆ ਦੀ ਕੁਆਰੰਟੀਨ ਮੁਕਤ ਯਾਤਰਾ ਕਰਨ ਲਈ ਨਿਊਜ਼ੀਲੈਂਡ ਦਾ ਨਾਗਰਿਕ ਹੋਣ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ **ਜਾਇਜ਼ ਵੀਜ਼ੇ ਦੀ ਲੋੜ ਪਵੇਗੀ**। ਨਿਊਜ਼ੀਲੈਂਡ ਦੇ ਨਾਗਰਿਕਾਂ ਨੂੰ ਆਸਟ੍ਰੇਲੀਆ ਆਉਣ ਤੋਂ ਪਹਿਲਾਂ ਵੀਜ਼ੇ ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੈ। ਜੇ ਯੋਗ ਹਨ, ਤਾਂ ਪਹੁੰਚਣ ਤੇ ਉਨ੍ਹਾਂ ਨੂੰ ਵਿਸ਼ੇਸ਼ ਸ਼੍ਰੇਣੀ ਵਾਲਾ ਵੀਜ਼ਾ (ਉਪ-ਸ਼੍ਰੇਣੀ 444) (SCV) ਦਿੱਤਾ ਜਾਵੇਗਾ।

ਜੇ ਤੁਸੀਂ ਆਸਟ੍ਰੇਲੀਆ ਦੀ ਯਾਤਰਾ ਕਰਦੇ ਹੋ ਤਾਂ ਤੁਹਾਨੂੰ ਯਾਤਰਾ ਛੋਟ ਵਾਸਤੇ ਅਰਜ਼ੀ ਦੇਣ ਦੀ ਤਾਂ ਹੀ ਲੋੜ ਪਵੇਗੀ ਜੇਕਰ:

- ਤੁਸੀਂ ਆਪਣੀ ਯੋਜਨਾਬੱਧ ਰਵਾਨਗੀ ਤੋਂ ਪਹਿਲਾਂ 14 ਦਿਨਾਂ ਤੋਂ ਵੀ ਘੱਟ ਸਮੇਂ ਤੋਂ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਰਹੇ ਹੋ (ਉਹਨਾਂ ਯਾਤਰੀਆਂ ਸਮੇਤ ਜੋ ਨਿਊਜ਼ੀਲੈਂਡ ਤੋਂ ਬਾਹਰ ਜਾ ਰਹੇ ਹਨ), ਜਾਂ
- ਤੁਸੀਂ ਸਮੁੰਦਰ ਰਾਹੀਂ ਆਸਟ੍ਰੇਲੀਆ ਜਾਣ ਦਾ ਇਰਾਦਾ ਰੱਖਦੇ ਹੋ।

# ਆਸਟ੍ਰੇਲੀਆ ਤੋਂ ਨਿਊਜ਼ੀਲੈਂਡ ਵੱਲ ਕੁਆਰੰਟੀਨ ਮੁਕਤ ਯਾਤਰਾ ਕਰਨਾ

ਜੇ ਤੁਸੀਂ ਉਪਰੋਕਤ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਕੁਆਰੰਟੀਨ ਮੁਕਤ ਨਿਊਜ਼ੀਲੈਂਡ ਜਾਣ ਲਈ ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਵਸਨੀਕ ਹੋਣ ਦੀ ਲੋੜ ਨਹੀਂ ਹੈ। ਪਰ ਤੁਹਾਨੂੰ ਲਾਜ਼ਮੀ ਤੌਰ ਉੱਤੇ ਨਿਊਜ਼ੀਲੈਂਡ ਸਰਕਾਰ ਦੀਆਂ ਸਿਹਤ ਵਾਲੀਆਂ ਪਹਿਲਿਆਂ ਸ਼ਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਸਾਰੀਆਂ ਮਿਆਰੀ ਪ੍ਰਵਾਸ, ਕਸਟਮ ਅਤੇ ਜੈਵ-ਸੁਰੱਖਿਆ ਵਾਲੀਆਂ ਲੋੜਾਂ ਲਾਗੂ ਹੁੰਦੀਆਂ ਹਨ।

# ਆਸਟ੍ਰੇਲੀਆ ਤੋਂ ਨਿਊਜ਼ੀਲੈਂਡ ਦੀ ਯਾਤਰਾ ਕਰਨਾ: ਯਾਤਰਾ ਵਿੱਚ ਛੋਟ ਦੀਆਂ ਲੋੜਾਂ

ਜੇ ਤੁਸੀਂ ਸਿੱਧੇ ਨਿਊਜ਼ੀਲੈਂਡ ਜਾ ਰਹੇ ਹੋ ਅਤੇ ਤੁਸੀਂ ਆਪਣੀ ਰਵਾਨਗੀ ਦੀ ਮਿਤੀ ਤੋਂ ਤੁਰੰਤ ਪਹਿਲਾਂ 14 ਕੈਲੰਡਰ ਦਿਨਾਂ ਲਈ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚ ਹੀ ਰਹੇ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਦੀਆਂ ਯਾਤਰਾ ਪਾਬੰਦੀਆਂ ਨੂੰ ਛੋਟ ਲਈ ਅਰਜ਼ੀ ਦੇਣ ਦੀ ਲੋੜ **ਨਹੀਂ** ਹੈ*। ਤੁਹਾਨੂੰ ਆਪਣੇ ਆਪ ਛੋਟ ਦਿੱਤੀ ਜਾਂਦੀ ਹੈ।

*ਆਸਟ੍ਰੇਲੀਆ ਦੇ ਨਾਗਰਿਕਾਂ ਅਤੇ ਸਥਾਈ ਵਸਨੀਕਾਂ **ਨੂੰ** ਨਿਊਜ਼ੀਲੈਂਡ ਦੀ ਯਾਤਰਾ ਤੋਂ ਪਹਿਲਾਂ ਬਾਹਰੀ ਯਾਤਰਾ ਛੋਟ ਲਈ ਅਰਜ਼ੀ ਦੇਣ **ਦੀ ਲੋੜ ਪਵੇਗੀ ਜੇਕਰ:**

- ਤੁਸੀਂ ਨਿਊਜ਼ੀਲੈਂਡ ਤੋਂ ਕਿਸੇ ਹੋਰ ਵਿਦੇਸ਼ੀ ਮੰਜ਼ਿਲ ਲਈ **ਅੱਗੇ ਦੀ ਉਡਾਣ ਬੁੱਕ ਕੀਤੀ ਹੈ**

ਜੋ ਲੋਕ ਨਿਊਜ਼ੀਲੈਂਡ ਤੋਂ ਕਿਸੇ ਹੋਰ ਅੰਤਰਰਾਸ਼ਟਰੀ ਮੰਜ਼ਿਲ ਉੱਤੇ ਜਾਂਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਯਾਤਰੀਆਂ ਦੀ ਗਿਣਤੀ ਉੱਤੇ ਮੌਜੂਦਾ ਪਾਬੰਦੀਆਂ ਅਤੇ ਉਡਾਣਾਂ ਦੀ ਸੀਮਤ ਉਪਲਬਧਤਾ ਕਾਰਨ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਾਪਸ ਆਉਣਾ ਮੁਸ਼ਕਿਲ ਹੋਣ ਦੀ ਸੰਭਾਵਨਾ ਹੈ।

ਜੋ ਲੋਕ ਨਿਊਜ਼ੀਲੈਂਡ ਤੋਂ ਕਿਸੇ ਹੋਰ ਅੰਤਰਰਾਸ਼ਟਰੀ ਮੰਜ਼ਿਲ ਉੱਤੇ ਜਾਣਾ ਚਾਹੁੰਦੇ ਹਨ ਅਤੇ ਫਿਰ ਆਸਟ੍ਰੇਲੀਆ ਵਾਪਸ ਆਉਣਾ ਚਾਹੁੰਦੇ ਹਨ, ਉਹਨਾਂ ਨੂੰ ਇਹ ਕਰਨ ਦੀ ਲੋੜ ਪਵੇਗੀ:

- ਆਸਟ੍ਰੇਲੀਆ ਨੂੰ ਰਵਾਨਗੀ ਤੋਂ 72 ਘੰਟੇ ਪਹਿਲਾਂ ਲਿਆ ਗਿਆ ਨਕਾਰਾਤਮਕ COVID-19 ਟੈਸਟ ਨਤੀਜਾ ਪੇਸ਼ ਕਰਨ
- ਆਪਣੇ ਖਰਚੇ ਉੱਤੇ ਪਹੁੰਚਣ ਤੇ 14 ਦਿਨਾਂ ਦਾ ਲਾਜ਼ਮੀ ਹੋਟਲ ਕੁਆਰੰਟੀਨ ਵਿੱਚ ਦਾਖਲ ਹੋਣ, ਅਤੇ

- ਲਾਜ਼ਮੀ ਕੁਆਰੰਟੀਨ ਵਿੱਚ ਰਹਿਣ ਦੌਰਾਨ ਸਮੇਂ-ਸਮੇਂ ਉੱਤੇ ਟੈਸਟ ਕਰਵਾਉਣ।

ਇਸ ਸਮੇਂ ਵਿਦੇਸ਼ੀ ਯਾਤਰਾ ਦੁਆਰਾ ਪੈਦਾ ਕੀਤੇ ਗਏ ਖਤਰਿਆਂ, ਜਿਸ ਵਿੱਚ ਆਸਟ੍ਰੇਲੀਆ ਵਾਪਸ ਆਉਣ ਅਤੇ ਕਈ ਦੇਸ਼ਾਂ ਵਿੱਚ COVID-19 ਤੋਂ ਸੰਭਾਵਿਤ ਵਿਘਨ ਸ਼ਾਮਲ ਹੈ, ਬਹੁਤ ਜ਼ਿਆਦਾ ਹਨ।

# ਆਸਟ੍ਰੇਲੀਆ ਦੇ ਵਿੱਚੋਂ ਲੰਘ ਕੇ ਨਿਊਜ਼ੀਲੈਂਡ ਜਾਣਾ

ਆਸਟ੍ਰੇਲੀਆ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰਨ ਵਾਲੇ ਯਾਤਰੀਆਂ ਨੂੰ ਲਾਜ਼ਮੀ ਤੌਰ ਉੱਤੇ ਲਾਲ ਜ਼ੋਨ ਦੀ ਉਡਾਣ ਵਿੱਚ ਅੱਗੇ ਦੀ ਟਿਕਟ ਹਾਸਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਜੋ ਸ਼ੁਰੂਆਤੀ ਦਾਖਲੇ ਤੋਂ 72 ਘੰਟਿਆਂ ਤੋਂ ਘੱਟ ਸਮੇਂ ਦੇ ਅੰਦਰ ਆਸਟ੍ਰੇਲੀਆ ਤੋਂ ਰਵਾਨਾ ਹੁੰਦੀ ਹੈ। **ਜੇ ਲਾਲ ਜ਼ੋਨ ਦੀ ਢੁੱਕਵੀਂ ਉਡਾਣ ਉਪਲਬਧ ਨਹੀਂ ਹੈ, ਤਾਂ ਆਸਟ੍ਰੇਲੀਆ ਰਾਹੀਂ ਲਾਂਘਾ ਸੰਭਵ ਨਹੀਂ ਹੋਵੇਗਾ।** ਆਸਟ੍ਰੇਲੀਆ ਦੇ ਵਿੱਚੋਂ ਲੰਘਣਾ ਵੈੱਬ ਸਫੇ ਉੱਤੇ ਆਸਟ੍ਰੇਲੀਆ ਦੇ ਵਿੱਚੋਂ ਲੰਘਣ ਬਾਰੇ ਵਧੇਰੇ ਜਾਣਕਾਰੀ ਲੱਭੀ ਜਾ ਸਕਦੀ ਹੈ।

# ਆਸਟ੍ਰੇਲੀਆ ਵਿੱਚ ਪਹੁੰਚਣਾ

ਆਸਟ੍ਰੇਲੀਆ ਦੇ ਹਵਾਈ ਅੱਡਿਆਂ ਉੱਤੇ ਹਰੇ ਅਤੇ ਲਾਲ ਜ਼ੋਨ ਬਣਾਏ ਗਏ ਹਨ ਤਾਂ ਜੋ ਕੁਆਰਨਟੀਨ-ਮੁਕਤ ਉਡਾਣਾਂ ਉੱਤੇ ਆਉਣ ਵਾਲੇ ਯਾਤਰੀਆਂ ਨੂੰ ਉਹਨਾਂ ਹੋਰ ਯਾਤਰੀਆਂ ਤੋਂ ਵੱਖ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ, ਜਿੰਨ੍ਹਾਂ ਨੂੰ 14 ਦਿਨਾਂ ਦੇ ਲਾਜ਼ਮੀ ਕੁਆਰਨਟੀਨ ਵਿੱਚ ਦਾਖਲ ਹੋਣ ਦੀ ਲੋੜ ਹੁੰਦੀ ਹੈ।

ਜੇ ਤੁਸੀਂ ਕੁਆਰਨਟੀਨ-ਮੁਕਤ ਉਡਾਣ ਉੱਤੇ ਪਹੁੰਚਦੇ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਪਹੁੰਚਣ ਵਾਲੇ ਹਵਾਈ ਅੱਡੇ ਵਿੱਚ ਸਰਹੱਦ ਦੀਆਂ ਸਾਰੀਆਂ ਨਿਕਾਸੀ (ਕਲੀਅਰੈਂਸ) ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲਈ ਗਰੀਨ (ਹਰੇ) ਜ਼ੋਨ ਰਾਹੀਂ ਲੰਘਾਇਆ ਜਾਵੇਗਾ।

ਕੁਆਰੰਟੀਨ-ਮੁਕਤ ਉਡਾਣਾਂ ਉੱਤੇ ਪਹੁੰਚਣ ਵਾਲੇ ਯਾਤਰੀਆਂ ਵਾਸਤੇ ਹੋਰ ਜਾਣਕਾਰੀ ਵਾਸਤੇ ਸਿਹਤ ਵਿਭਾਗ ਦੀ ਵੈੱਬਸਾਈਟ ਵੇਖੋ।